**ਪ੍ਰਧਾਨ ਮੰਤਰੀ ਨੇ ਭਾਰਤ ਤੋਂ ਸਹਾਇਤਾ ਪ੍ਰਾਪਤ ਰੇਲ ਇਨਫ੍ਰਾਸਟ੍ਰਕਚਰ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ (06 ਅਪ੍ਰੈਲ, 2025)**

06 ਅਪ੍ਰੈਲ 2025

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਨੇ ਅੱਜ ਸ੍ਰੀਲੰਕਾ ਦੇ ਰਾਸ਼ਟਰਪਤੀ, ਮਹਾਮਹਿਮ ਅਨੁਰਾ ਕੁਮਾਰਾ ਦਿਸਾਨਾਯਕਾ ਦੇ ਨਾਲ ਅਨੁਰਾਧਾਪੁਰਾ ਵਿੱਚ ਭਾਰਤੀ ਸਹਾਇਤਾ ਨਾਲ ਨਿਰਮਿਤ ਦੋ ਰੇਲਵੇ ਪ੍ਰੋਜੈਕਟਾਂ ਦੇ ਉਦਘਾਟਨ ਅਤੇ ਲਾਂਚ ਕਰਨ ਦੇ ਸਮਾਰੋਹ ਵਿੱਚ ਹਿੱਸਾ ਲਿਆ।

2.ਨੇਤਾਵਾਂ ਨੇ 91.27 ਮਿਲੀਅਨ ਅਮਰੀਕੀ ਡਾਲਰ ਦੀ ਭਾਰਤੀ ਸਹਾਇਤਾ ਨਾਲ ਨਵੀਨੀਕ੍ਰਿਤ 128 ਕਿਲੋਮੀਟਰ ਲੰਬੀ ਮਾਹੋ-ਓਮਾਨਥਾਈ ਰੇਲਵੇ ਲਾਇਨ ਦਾ ਉਦਘਾਟਨ ਕੀਤਾ, ਇਸ ਤੋਂ ਬਾਅਦ ਮਾਹੋ ਤੋਂ ਅਨੁਰਾਧਾਪੁਰਾ ਤੱਕ 14.89 ਮਿਲੀਅਨ ਅਮਰੀਕੀ ਡਾਲਰ ਦੀ ਭਾਰਤੀ ਅਨੁਦਾਨ ਸਹਾਇਤਾ ਨਾਲ ਬਣਾਈ ਜਾ ਰਹੀ ਇੱਕ ਉੱਨਤ ਸਿਗਨਲਿੰਗ ਪ੍ਰਣਾਲੀ ਦਾ ਨਿਰਮਾਣ ਲਾਂਚ ਕੀਤਾ।

3. ਭਾਰਤ-ਸ੍ਰੀਲੰਕਾ ਵਿਕਾਸ ਸਾਂਝੇਦਾਰੀ ਦੇ ਤਹਿਤ ਲਾਗੂ ਕੀਤੇ ਗਏ ਇਹ ਇਤਿਹਾਸਿਕ ਰੇਲਵੇ ਆਧੁਨਿਕੀਕਰਣ ਪ੍ਰੋਜੈਕਟ ਸ੍ਰੀਲੰਕਾ ਵਿੱਚ ਉੱਤਰ-ਦੱਖਣ ਰੇਲ ਸੰਪਰਕ ਨੂੰ ਮਜ਼ਬੂਤ ਕਰਨ ਵਿੱਚ ਇੱਕ ਮਹੱਤਵਪੂਰਨ ਮੀਲ ਦਾ ਪੱਥਰ ਹਨ। ਇਹ ਦੇਸ਼ ਭਰ ਵਿੱਚ ਯਾਤਰੀ ਅਤੇ ਮਾਲ ਢੋਆ-ਢੁਆਈ ਦੋਵਾਂ ਦੀ ਤੇਜ਼ ਅਤੇ ਕੁਸ਼ਲ ਆਵਾਜਾਈ ਦੀ ਸਹੂਲਤ ਦੇਣਗੇ।

ਅਨੁਰਾਧਾਪੁਰਾ

06 ਅਪ੍ਰੈਲ 2025